


**ISSN Print:** 2394-7500
**ISSN Online:** 2394-5869
**Impact Factor:** 8.4
IJAR 2022; 8(6): 212-214
www.allresearchjournal.com
Received: 09-03-2022
Accepted: 16-04-2022

**ਬਲਵਿੰਦਰ ਕੌਰ**
ਖੋਜਕਾਰ, ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ, ਜੰਮੂ ਅਤੇ ਕਸ਼ਮੀਰ, ਭਾਰਤ

**Corresponding Author:**
**ਬਲਵਿੰਦਰ ਕੌਰ**
ਖੋਜਕਾਰ, ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ, ਜੰਮੂ ਅਤੇ ਕਸ਼ਮੀਰ, ਭਾਰਤ

# ਭੂਪਿੰਦਰ ਸਿੰਘ ਰੈਣਾ ਦੇ ਨਾਵਲ 'ਨਦੀ ਤੇ ਨਾਰੀ' ਵਿਚ ਨਾਰੀ ਸੰਵੇਦਨਾ

**ਬਲਵਿੰਦਰ ਕੌਰ**

## ਜਾਣ-ਪਛਾਣ

ਨਾਵਲ ਆਧੁਨਿਕ ਯੁਗ ਦੀ ਇਕ ਲੰਮੀ ਬਿਰਤਾਂਤਕ ਅਤੇ ਗਲਪਮਈ ਰਚਨਾ ਹੈ ਜਿਸ ਵਿਚ ਜ਼ਿੰਦਗੀ ਦੇ ਯਥਾਰਥ ਦੀ ਵਿਆਪਕ ਪੇਸ਼ਕਾਰੀ ਅਤੇ ਵਿਸ਼ਲੇਸ਼ਣ ਪਾਤਰਾਂ, ਘਟਨਾਵਾਂ, ਵਾਰਤਾਲਾਪਾਂ, ਸਥਾਨਕ ਵੇਰਵਿਆਂ ਅਤੇ ਭਾਸ਼ਾ ਦੁਆਰਾ ਵਿੱਲਖਣ ਵਿਸ਼ਵ ਦ੍ਰਿਸ਼ਟੀ ਰਾਹੀਂ ਕਥਾ ਸਿਰਜਨਣਾ ਦੀ ਵਿਧੀ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਨਾਵਲਕਾਰ ਨਾਵਲ ਰਾਹੀਂ ਇਕ ਅਜਿਹੇ ਗਲਪੀ ਸੰਸਾਰ ਦੀ ਸਿਰਜਣਾ ਕਰਦਾ ਹੈ ਜੋ ਸੱਚਾ ਨਾਂ ਹੁੰਦੇ ਹੋਏ ਵੀ ਅਸਲੀ ਨਜ਼ਰ ਆਉਂਦਾ ਹੈ।

ਜਿਥੋਂ ਤਕ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਗੱਲ ਕਰੀਏ ਤਾਂ ਇੱਥੇ ਸਭ ਤੋਂ ਪਹਿਲਾਂ ਕਵਿਤਾ ਨੇ ਵਿਕਾਸ ਕੀਤਾ ਉਸ ਤੋਂ ਮਗਰੋਂ ਕਹਾਣੀ ਅਤੇ ਉਸ ਤੋਂ ਬਾਅਦ ਨਾਵਲ ਨੇ। ਇਸ ਦਾ ਕਾਰਨ ਇਹ ਸੀ ਕਿਉਂਕਿ ਕਹਾਣੀ ਦੇ ਮੁਕਾਬਲੇ ਨਾਵਲ ਦੀ ਸਿਰਜਣਾ ਕਰਨ ਲਈ ਵਿਸ਼ਾਲ ਤਜ਼ਰਬੇ ਅਤੇ ਲੰਮੇ ਅਭਿਆਸ ਦੀ ਲੋੜ ਪੈਂਦੀ ਹੈ। ਜੰਮੂ-ਕਸ਼ਮੀਰ ਦੀ ਪੰਜਾਬੀ ਨਾਵਲਕਾਰੀ ਦੇ ਖੇਤਰ ਵਿੱਚ 'ਭੂਪਿੰਦਰ ਸਿੰਘ ਰੈਣਾ ਦਾ ਨਾਂ ਵਿਸ਼ੇਸ਼ ਥਾਂ ਰੱਖਦਾ ਹੈ। ਇਨ੍ਹਾਂ ਨੇ ਅਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ 1973 ਵਿਚ ਨਾਵਲ ਰਾਹੀਂ ਕੀਤੀ। ਪਰ ਜ਼ਿੰਦਗੀ ਦੇ ਰੁਝੇਵਿਆਂ ਅਤੇ ਪਰਿਵਾਰ ਦੀ ਜ਼ਿੰਮੇਵਾਰਿਆਂ ਕਾਰਨ ਇਨ੍ਹਾਂ ਨੇ ਕਾਫ਼ੀ ਸਮੇਂ ਕੋਈ ਰਚਨਾ ਨਾ ਕੀਤੀ ਪਰ ਹੁਣ ਪੰਜਤਾਲੀ ਵਰ੍ਹੇ ਬਾਅਦ ਇਨ੍ਹਾ ਨੇ ਫੇਰ ਤੋਂ ਲਿਖਣਾ ਆਰੰਭ ਕੀਤਾ ਅਤੇ ਪੂਰੀ ਸ਼ਿੱਦਤ ਨਾਲ ਲਿਖ ਰਹੇ ਹਨ। ਇਨ੍ਹਾਂ ਨੇ ਹੁਣ ਤਕ ਕੁਲ ਸਤ ਨਾਵਲ ਅਤੇ ਦੋ ਨਾਟ-ਸੰਗ੍ਰਿਹ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਏ ਹਨ ਜਿਨ੍ਹਾਂ ਵਿੱਚ ਹਨ:

1.ਸਧਰਾਂ ਦੀ ਡੋਲੀ (1973), 2. ਧੁਆਂਖੀ ਧੁੱਪ (1975), 3. ਬੇਨਾਮ ਰਿਸ਼ਤੇ 4.ਅੱਧੇ ਅਧੂਰੇ (2020), 5. ਇਕ ਹੋਰ ਲੂਣਾ (2020), 6. ਨਦੀ ਤੇ ਨਾਰੀ (2021), 7.ਪਾਪ ਦੀ ਪੰਡ (2022) ਅਤੇ ਦੋ ਨਾਟਕ ਸਵੇਰ ਹੋਣ ਤੱਕ (1976) ਅਤੇ ਨਿਰਧਨ ਕੇ ਪਾਲੇ (2020) । ਭੂਪਿੰਦਰ ਸਿੰਘ ਰੈਣਾ ਦੀ ਨਾਵਲਕਾਰੀ ਸਮਾਜੀ ਫਰਜ਼ਾ ਤੋਂ ਪ੍ਰੇਰਿਤ ਹੈ। ਇਸ ਕਰਕੇ ਉਹ ਸਮਾਜੀ ਕੁਹਜਾਂ ਨੂੰ ਅਪਣੀ ਨਾਵਲਕਾਰੀ ਦਾ ਵਿਸ਼ਾ ਬਣਾਉਂਦੇ ਹਨ। ਔਰਤ ਦੀ ਮਾੜੀ ਸਥਿਤੀ ਨੂੰ ਬਿਆਨਣ ਵਿਚ ਨਾਵਲਕਾਰ ਦੀ ਖਾਸ ਦਿਲਚਸਪੀ ਰਹੀ ਹੈ।

ਮੇਰੇ ਇਸ ਖੋਜ ਪਰਚੇ ਦਾ ਵਿਸ਼ਾ ਭੂਪਿੰਦਰ ਸਿੰਘ ਰੈਣਾ ਦੇ ਨਾਵਲ 'ਨਦੀ ਤੇ ਨਾਰੀ' ਵਿਚ ਨਾਰੀ ਸੰਵੇਦਨਾ ਨੂੰ ਪੇਸ਼ ਕਰਨਾ ਹੈ।

'ਨਦੀ ਤੇ ਨਾਰੀ' ਭੂਪਿੰਦਰ ਸਿੰਘ ਰੈਣਾ ਦਾ ਸਤਵਾਂ ਨਾਵਲ ਹੈ। ਇਹ ਨਾਵਲ ਨਾਰੀ ਦੇ ਪੂਰੇ ਜੀਵਨ ਦੀ ਦੁਖਾਂਤਮਈ ਤਸਵੀਰ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਬਿਆਨਦਾ। ਨਾਵਲਕਾਰ ਨੇ 'ਹਮਲ' ਨਦੀ ਨੂੰ ਮੈਟਾਫਰ ਦੇ ਰੂਪ ਵਿਚ ਵਰਤਿਆ ਹੈ ਜੋ ਪੂਰੇ ਨਾਵਲ ਵਿਚ ਨਾਲੋ ਨਾਲ ਅਪਣੀ ਛਾਪ ਛੋੜਦੀ, ਪਾਰੋ ਦੇ ਸੁੱਖ ਦੁੱਖ ਦੀ ਭਾਈਵਾਲ ਬਣਦੀ ਵਗਦੀ ਰਹਿੰਦੀ ਹੈ।

ਇਹ ਨਾਵਲ ਪਾਰਵਤੀ ਨਾਂ ਦੀ ਪਾਤਰ ਜਿਸ ਨੂੰ ਸਾਰੇ ਪਿਆਰ ਨਾਲ ਪਾਰੋ ਕਹਿ ਕੇ ਬੁਲਾਉਂਦੇ ਸਨ ਦੀ ਸਮੁੱਚੀ ਕਹਾਣੀ ਨੂੰ ਮੁਖਾਤਿਬ ਹੁੰਦਾ ਹੈ, ਜੋ ਸਾਰਾ ਜੀਵਨ ਕਸ਼ਟ ਝਲਦੀ, ਸੰਘਰਸ਼

ਕਰਦੀ, ਸੰਤਾਪ ਹੰਢਾਉਦੀ, ਮਰਦਾਂ ਦੀਆ ਮਾੜੀਆਂ ਨਜ਼ਰਾ ਤੋਂ ਅਪਣੇ ਆਪ ਨੂੰ ਬਚਾਉਂਦੀ ਨਦੀ ਵਾਂਗ ਅਪਣਾ ਸਫ਼ਰ ਜਾਰੀ ਰੱਖਦੀ ਹੈ।

ਅਸਲ ਵਿਚ ਮਰਦ ਅਤੇ ਔਰਤ ਸਮਾਜ ਦੀ ਦੋ ਅਜਿਹੀਆਂ ਇਕਾਈਆਂ ਹਨ, ਜੋ ਇਕੱਠੇ ਸੰਸਾਰ ਦੀ ਸੰਰਚਨਾ ਦਾ ਨਿਰਮਾਣ ਕਰਦੀਆਂ ਹਨ। ਇਹ ਦੋਵੇਂ ਤਾਂ ਸਮਾਨ ਰੂਪ ਵਿਚੋਂ ਮਾਂ ਦੀ ਕੁੱਖ ਤੋਂ ਜਨਮ ਲੈਂਦੀਆਂ ਹਨ ਪਰ ਮਰਦ ਦੇ ਮੁਕਾਬਲੇ ਔਰਤ ਨੂੰ ਦੂਜੈਲਾ ਸਥਾਨ ਤੇ ਬਿੱਠਾ ਦਿੱਤਾ ਜਾਂਦਾ ਹੈ। ਔਰਤ ਨਾਲ ਵਿਤਕਰਾ ਸਾਡੇ ਪੁਰਾਤਨ ਸਮਿਆਂ ਤੋਂ ਹੀ ਚਲਦਾ ਆ ਰਿਹਾ ਹੈ ਇਸ ਸੰਦਰਭ ਵਿਚ ਅਸੀਂ ਰਾਮਾਇਣ ਦੀ ਸੀਤਾ ਅਤੇ ਮਹਾਂਭਾਰਤ ਦੀ ਦਰੋਪਦੀ ਦੀ ਸਥਿਤੀ ਨੂੰ ਦੇਖ ਸਕਦੇ ਹਾਂ। ਪਰ ਸਮੇਂ ਦੇ ਬਦਲਣ ਨਾਲ ਇਸ ਵਿਚ ਚੇਤਨਤਾ ਵੀ ਆਈ ਹੈ । ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਰਾਜਿਆਂ ਮਹਾਰਾਜਿਆਂ ਦੀ ਜਣਨੀ ਕਹਿ ਕੇ ਸੰਬੋਧਿਤ ਕੀਤਾ ਹੈ। ਇਹ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਇਕ ਤੁਕ ਵਿਚ ਦੇਖ ਸਕਦੇ ਹਾ 'ਸੋ ਕਿਉਂ ਮੰਦਾ ਆਖੀਐ ਜਿਤ ਜੰਮੈ ਰਾਜਾਨੁ'। ਪਰ ਫੇਰ ਵੀ ਸਾਡਾ ਸਮਾਜ ਔਰਤ ਨੂੰ ਮਰਦ ਨਾਲੋਂ ਘਟ ਹੀ ਸਮਝਦਾ ਹੈ। ਘਰ ਵਿਚ ਜੋ ਖੁਸ਼ੀ ਇਕ ਮਰਦ ਬੱਚੇ ਦੇ ਜਮਨ ਵੇਲੇ ਕੀਤੀ ਜਾਂਦੀ ਹੈ ਉਹ ਬੱਚੀ ਦੇ ਜਨਮ ਵੇਲੇ ਨਾਖੁਸ਼ੀ ਵਿਚ ਬਦਲ ਜਾਂਦੀ ਹੈ। ਇਹ ਕਹਾਣੀ ਕਸ਼ਮੀਰ ਵਿਚ ਵਸਦੇ ਪੰਜਾਬ ਸਿੰਘ ਦੀ ਹੈ ਜਿਸ ਦੇ ਘਰ ਦੋ ਕੁੜੀਆਂ ਜਨਮ ਲੈਂਦੀਆ ਹਨ। ਇਕ ਦਾ ਨਾਂ ਰਾਧਾ ਅਤੇ ਦੂਜੀ ਦਾ ਪਾਰਵਤੀ (ਪਾਰੋ) ਰੱਖਿਆ ਜਾਂਦਾ ਹੈ। ਪਾਰੋ ਦੇ ਸ਼ੌਂਕ ਸਾਰੇ ਮੁੰਡਿਆ ਵਾਲੇ , ਜਿਵੇ ਘੋੜ ਸਵਾਰੀ ਕਰਨਾ, ਖੇਤਾਂ ਤੇ ਜਾਣਾ ਆਦਿ। ਉਹ ਅਪਣੇ ਪਿਤਾ ਨੂੰ ਇਕ ਮੁੰਡੇ ਦੀ ਕਮੀਂ ਮਹਿਸੂਸ ਨਹੀ ਸੀ ਹੋਣ ਦੇਣਾ ਚਾਹੁੰਦੀ। ਪਾਰੋ ਨੇ ਪੰਜ ਜਮਾਤਾਂ ਤਕ ਪੜ੍ਹਾਈ ਕੀਤੀ। ਉਸ ਸਮੇਂ ਕੋਈ ਵੀ ਅਪਣੀ ਧੀ ਨੂੰ ਪੜ੍ਹਾਈ ਕਰਨ ਦੀ ਇਜ਼ਾਜਤ ਨਹੀ ਸੀ ਦਿੰਦਾ ਸੀ। ਜ਼ਿਆਦਾਤਰ ਕੁੜੀਆਂ ਨੂੰ ਪੜ੍ਹਾਈ ਤੋਂ ਵੰਛਿਤ ਹੀ ਰੱਖਿਆ ਜਾਂਦਾ ਸੀ। ਪਰ ਪਾਰੋ ਨੂੰ ਪੜ੍ਹਨ ਦੀ ਚੇਸ਼ਟਾ ਸੀ। ਪਰ ਪਾਰੋ ਦੇ ਭਰਾ ਦੇ ਜਨਮ ਤੋਂ ਬਾਅਦ ਉਸਦੀ ਦੇਖ ਭਾਲ ਕਰਨ ਲਈ ਪਾਰੋ ਨੂੰ ਪੜ੍ਹਾਈ ਵਿਚਾਲੇ ਹੀ ਛੱਡ ਦੇਣੀ ਪਈ । ਉਸ ਤੋਂ ਬਾਅਦ ਉਸਦੀ ਮਾਂ ਦੀ ਮੌਤ ਮਗਰੋਂ ਸਾਰੇ ਘਰ ਦੀ ਜਿੰਮੇਵਾਰੀ ਪਾਰੋ ਨੇ ਸੰਭਾਲੀ। ਛੋਟੀ ਉਮਰ ਵਿਚ ਹੀ ਪਾਰੋ ਸਿਆਣੀ ਹੋ ਗਈ ਅਤੇ ਘਰ ਦੇ ਰੁਝੇਵਿਆਂ ਵਿਚ ਹੀ ਫਸੀ ਰਹਿ ਗਈ। ਉਸਦੀ ਭੈਣ ਰਾਧਾ ਨਿੱਕੀ ਉਮਰ ਵਿਚ ਹੀ ਵਿਆਹੀ ਗਈ ਸੀ। ਇਸ ਲਈ ਪਾਰੋ ਇਕੱਲੀ ਹੀ ਘਰ ਦੇ ਕੰਮ ਕਾਜ ਕਰਦੀ ਭਾਵੇਂ ਉਸ ਦੀ ਮਦਦ ਲਈ ਇਕ ਨੌਕਰ ਮਦਨ ਵੀ ਉਸਦੇ ਬਾਬੇ ਨੇ ਲਿਆ ਕੇ ਰੱਖਿਆ ਸੀ ਪਰ ਫੇਰ ਵੀ ਪਾਰੋ ਨੂੰ ਘਰ ਦੇ ਕੰਮਾਂ ਤੋਂ ਵੇਹਲ ਨਹੀਂ ਸੀ ਮਿਲਦੀ ਪਰ ਉਹ ਫੇਰ ਵੀ ਕਦੇ ਕਦਾਈਂ ਅਪਣੀ ਸਾਥਨ 'ਹਮਲ' ਨਦੀ ਤੇ ਜਾ ਕੇ ਬੈਠ ਜਾਂਦੀ ਅਤੇ ਸਣੇ ਕੱਪੜਿਆਂ ਇਸ ਵਿਚ ਵੜ ਜਾਂਦੀ ਹੋਰ ਵੀ ਨਿਆਣੇ ਮੱਛੀਆਂ ਫੜਦੇ ਪਰ ਪਾਰੋ ਸਭ ਤੋਂ ਵੱਧ ਮਸਤੀ ਕਰਦੀ ਅਤੇ ਉਸ ਨਾਲ ਅਪਣੇ ਦੁੱਖ ਸੁੱਖ ਵੀ ਸਾਂਝੇ ਕਰਦੀ। ਉਸਦੇ ਸੰਗੀਤ ਦੀ ਆਵਾਜ਼ ਸੁਣ ਕੇ ਉਹ ਸ਼ਾਂਤ ਮਹਿਸੂਸ ਕਰਦੀ। ਨਾਵਲਕਾਰ ਨੇ ਇਸ ਨਾਵਲ ਰਾਹੀਂ ਕਸ਼ਮੀਰ ਦੀ ਸੁੰਦਰਤਾ, ਝਰਨੇ, ਭਾਈਚਾਰੇ ਅਤੇ ਸਭਿਆਚਾਰ ਦਾ ਚਿੱਤਰ ਬੜੀ ਕਲਾਤਮਕਤਾ ਨਾਲ ਸਿਰਜਿਆ ਹੈ।

ਪਾਰੋ ਦੇ ਜਵਾਨ ਹੋਣ ਤੇ ਉਸਦੇ ਵਿਆਹ ਇਕ ਸਰਕਾਰੀ ਕਰਮਚਾਰੀ ਜੋ ਸਹਿਤ ਮਹਿਕਮੇ ਵਿਚ ਨੋਕਰੀ ਕਰਦੇ ਮੁੰਡੇ ਨਾਲ ਕਰ ਦਿੱਤਾ ਜਾਂਦਾ ਹੈ। ਇਕ ਸਾਲ ਬਾਅਦ ਉਸਦੇ ਘਰ ਪੁੱਤਰ ਨੇ ਜਨਮ ਲਿਆ ਘਰ ਵਿਚ ਖੁਸ਼ੀਆਂ ਨੇ ਦੱਸਤਕ ਦਿਤੀ। ਪਹਿਲੀ ਲੋਹੜਈ ਬੜੀ ਧੂਮਧਾਮ ਨਾਲ ਮਨਾਈ ਗਈ ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਸਦਾ ਪਤੀ ਇਕ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਇਸ ਦੁਨੀਆਂ ਤੋ ਅਲੋਪ ਹੋ ਗਿਆ। ਪਾਰੋ ਦੇ ਚਾਅ, ਉਸਦੀਆਂ ਸਦਰਾਂ, ਉਸਦਾ ਜੀਵਨ ਦੇ ਰੰਗ ਫਿੱਕੇ ਪੈ ਗਏ। ਪਾਰੋ ਨੂੰ ਪਤੀ ਦੀ ਥਾਂ ਭਾਵੇਂ ਨੋਕਰੀ ਲਭ ਗਈ ਪਰ ਇਕ ਔਰਤ ਲਈ ਕਲਿਆਂ ਜੀਵਨ ਗੁਜ਼ਾਰਨਾ ਸੁਖਾਲਾ ਨਹੀਂ ਹੁੰਦਾ ਉਹ ਪੁਰਾਣੇ ਸੰਸਕਾਰਾਂ ਨੂੰ ਨਾ ਛਡਦੀ ਹੋਈ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਅਪਣਾਉਂਦੀ ਅਪਣੇ ਪੁੱਤਰ ਲਈ ਦੂਜੇ ਵਿਆਹ ਨਹੀਂ ਕਰਦੀ। ਇਕੱਲੀ ਹੀ ਜੀਵਨ ਦੇ ਰਾਹ ਤਲਾਸ਼ਦੀ ਤੁਰਨ ਪੈ ਗਈ। ਉਸਦਾ ਬਾਪ ਵੀ ਉਸ ਦੇ ਭਰ ਜਵਾਨੀ ਵਿਚ ਵਿਦਵਾ ਹੋਣ ਦੇ ਦੁੱਖ ਨੂੰ ਨਾ ਸਹਾਰਦਾ ਹੋਇਆ ਇਸ ਦੁਨੀਆਂ ਤੋਂ ਕਾਲਵਾਸ ਹੋ ਜਾਂਦਾ ਹੈ। ਪਾਰੋ ਦਾ ਜੀਵਨ ਕਠਨਾਈਆਂ ਵਿਚ ਹੀ ਨਿਕਲਿਆ ਹੁਣ ਪਾਰੋ ਔਰਤ ਦੇ ਕਈ ਰੂਪ ਹੰਢਾ ਚੁੱਕੀ ਸੀ ਇਕ ਧੀ, ਮਾਂ, ਪਤਨੀ, ਨੂੰਹ, ਭੈਣ ਦੇ ਸਾਰੇ ਫਰਜ਼ਾ ਨੂੰ ਨਿਭਾਉਦੀ ਰਹੀ।

ਨਾਵਲਕਾਰ ਨੇ 1947 ਦੀ ਵੰਡ ਦੇ ਪਏ ਭਿਆਨਕ ਪ੍ਰਭਾਵ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ ਹੈ। ਉਸ ਦੌਰਾਨ ਜੋ ਔਰਤਾਂ ਦੀ ਬੇਪਤੀ ਹੋਈ ਉਸਦਾ ਬਿਰਤਾਂਤ ਵੀ ਨਾਵਲ ਵਿਚ ਰੂਹ ਕੰਬਾਉਂਣ ਵਾਲਾ ਹੈ ਜਦੋਂ ਪਾਰੋ ਦਾ ਭਰਾ ਕਮਲ ਅਪਣੀ ਭੈਣ ਨੂੰ ਦਸਦਾ ਹੈ ਕਬਾਇਲੀਆਂ ਦੇ ਹਮਲੇ ਵੇਲੇ ਕਿਵੇਂ ਉਸਨੇ ਅਪਣੀ ਪਤਨੀ ਸ਼ਰਨ ਤੇ ਗੁੱਡੀ ਨੂੰ ਅਪਣੇ ਹੱਥੀਂ ਤਲਵਾਰ ਨਾਲ ਵੱਢ ਦਿੰਦਾ ਹੈ। ਇਸ ਦਾ ਅੰਦਾਜ਼ਾ ਤੁਸੀਂ ਇਨ੍ਹਾਂ ਸਤਰਾਂ ਤੋ ਲਗਾ ਸਕਦੇ ਹੋ:

> "ਦੀਦੀ! ਮੈਂ ਦੋਨਾਂ ਨੂੰ ਮਾਰ ਦਿਤਾ ਹੈ"
> ਮਾਰ ਦਿਤਾ ਹੈ?"
> ਹਾਂ ਦੀਦੀ ਮੈਂ ਤਲਵਾਰ ਨਾਲ ਵੱਢ ਦਿਤਾ ਹੈ।"
> ਕੀ ਤੈਨੂੰ ਤਰਸ ਨਹੀਂ ਆਇਆ"?[1]

ਮੈਂ ਕਈ ਮੌਤਾਂ ਮਰਿਆ ਹਾਂ ਦੀਦੀ ਸ਼ਰਨ ਦੀਆਂ ਅੱਖਾਂ ਵਿਚ ਭੈ, ਰਹਿਮ ਲਈ ਅਰਦਾਸ ਤੇ ਬੇਪਤ ਹੋਣ ਤੋਂ ਮਰਨ ਲਈ ਜਜ਼ਬੇ ਨੇ ਮੇਰੀ ਆਤਮਾ ਨੂੰ ਨਪੀੜ ਛੱਡਿਆ। ਨਿੱਕੀ ਗੁੱਡੀ ਨੂੰ ਤੇ ਪਤਾ ਹੀ ਨਹੀਂ ਸੀ ਕਿ ਉਸ ਦਾ ਬਾਪੂ ਕੀ ਕਰਨ ਲੱਗਿਆ ਹੈ। ਭੀੜ ਦਾ ਸ਼ੋਰ ਸੁਣ ਕੇ ਉਹ ਵਾਰ-ਵਾਰ ਮੇਰੇ ਗਲੇ ਨਾਲ ਡਰ ਕੇ ਚਿੰਮੜ ਜਾਂਦੀ। ਮੈਨੂੰ ਚੁੰਮਦੀ ਤੇ ਪੁੱਛਦੀ, "ਬਾਪੂ ਕੁਝ ਤੇ ਨਹੀਂ ਹੋਏਗਾ ਮੈਂ ਉਸ ਬੇਸਮਝ ਬੱਚੀ ਨੂੰ ਕੀ ਦਸਦਾ ਕਿ ਜਿਸ

ਡਰ ਤੋਂ ਡਰ ਕੇ ਮੇਰੇ ਸੀਨੇ ਨਾਲ ਲਗਦੀ ਹੈਂ, ਉਹ ਬਾਪੂ ਤੈਨੂੰ ਕਤਲ ਕਰ ਕੇ ਆਪਣੇ ਸੀਨੇ ਨੂੰ ਹਮੇਸ਼ਾ ਵਾਸਤੇ ਛਲਨੀ ਕਰ ਦਏਗਾ?"

ਇਸ ਪਾਪ ਅਤੇ ਕਰੂਰਤਾ ਕਰਨ ਤੋਂ ਬਾਅਦ ਕਮਲ ਲਈ ਜੀਣਾ ਸੁਖਾਲਾ ਨਹੀਂ ਸੀ ਰਿਹਾ। ਉਸਦੀਆਂ ਅੱਖਾਂ ਜਦੋਂ ਵੀ ਬੰਦ ਹੁੰਦੀਆਂ ਸਨ ਉਹ ਦਰਦਨਾਕ ਮੰਜ਼ਰ ਅਤੀਤ ਦੇ ਉਹ ਹਿਰਦੇ ਨੂੰ ਝੰਜੋੜਨ ਵਾਲੇ ਪੱਲ ਉਸਦੀਆਂ ਸਿਮਰਤੀਆਂ ਵਿਚੋਂ ਖੂਨ ਦੀ ਨਦੀ ਵਾਂਗ ਵਗਦੇ ਰਹਿੰਦੇ ਅਤੇ ਇਕ ਖੋਫਨਾਕ ਯਾਦ ਬਣ ਕੇ ਉਸਦੇ ਸਾਹਮਣੇ ਆਉਂਦੇ। ਇੰਨਾ ਢੂੰਘਾ ਸਦਮਾ ਲਗਣ ਕਾਰਨ ਕਮਲ ਦੀ ਹਾਲਤ ਬੜੀ ਨਾਜ਼ੁਕ ਬਣ ਜਾਂਦੀ ਹੈ ਅਤੇ ਡਾਕਟਰ ਪਾਰੋ ਨੂੰ ਦਸਦੇ ਹਨ ਕਿ ਇਸਦੇ ਗੁਰਦੇ ਖਰਾਬ ਹੋ ਗਏ ਹਨ ਅਤੇ ਇਸ ਨੂੰ ਜੀਉਂਣ ਲਈ ਗੁਰਦੇ ਦੀ ਸਖਤ ਲੋੜ ਹੈ ਨਹੀਂ ਤਾ ਇਸਦਾ ਬਚਣਾ ਨਾਮੁਮਕਿਨ ਹੈ। ਇਕ ਔਰਤ ਤਿਆਗ ਦੀ ਸਜੀਵ ਮੂਰਤ ਹੁੰਦੀ ਹੈ। ਪਾਰੋ ਅਪਣੇ ਭਰਾ ਲਈ ਅਪਣਾ ਇਕ ਗੁਰਦਾ ਦੇਣ ਲਈ ਤਿਆਰ ਹੋ ਜਾਂਦੀ ਹੈ। ਇਸ ਦਾ ਅਨੁਮਾਨ ਇਨ੍ਹਾਂ ਸਤਰਾਂ ਤੋਂ ਲਗਾ ਸਕਦੇ ਹਾਂ:

> "ਡਾਕਟਰ ਸਾਹਿਬ ਮੈਂ ਆਪਣਾ ਗੁਰਦਾ ਦੂੰਗੀ।
> "ਤੁਮ ਕਾਮ ਕਰਨੇ ਵਾਲੀ ਔਰਤ ਹੋ। ਗੁਰਦਾ ਦੇਨੇ ਕੇ ਬਾਦ ਕੈਸੇ ਕਾਮ ਕਰੋਗੀ?"

ਉਸ ਕੀ ਫਿਕਰ ਨਹੀਂ ਹੈ ਡਾਕਟਰ ਸਾਹਿਬ ਮੇਰਾ ਭਾਈ ਬਚਨਾ ਚਾਹੀਏ, ਮੈਂ ਕੁਛ ਭੀ ਕਰ ਲੂੰਗੀ ਯਹ ਭਾਈ ਮੇਰੇ ਖਾਨਦਾਨ ਕਾ ਚਿਰਾਗ ਹੈ ਇਸ ਕੇ ਬਿਨਾਂ ਹਮਾਰੀ ਜਿੰਦਗੀ ਮੇਂ ਅੰਧੇਰਾ ਹੀ ਅੰਦੇਰਾ ਹੈ।"[2]

ਔਰਤ ਵਿਚ ਪਰਮਾਤਮਾ ਨੇ ਇਕ ਅਜਿਹੀ ਸ਼ਹਿਨਸ਼ੀਲਤਾ ਨੂੰ ਬਖ਼ਸ਼ਿਆ ਹੈ ਜਿਸਦੀ ਮਰਦ ਵਿਚ ਘਾਟ ਹੁੰਦੀ ਹੈ । ਔਰਤ ਅਪਣੇ ਪਰਿਵਾਰ ਲਈ ਅਪਣੀ ਜਾਨ ਤਕ ਕੁਰਬਾਨ ਕਰ ਸਕਦੀ ਹੈ ਪਰ ਪਾਰੋ ਦੇ ਇਸ ਤਿਆਗ ਨੂੰ ਉਸਦਾ ਪੁੱਤਰ ਨਾ ਸਮਝ ਸਕਿਆ ਜਿਸ ਮਾਂ ਨੇ ਉਸ ਲਈ ਅਪਣੀ ਜਵਾਨੀ ਦੀਆਂ ਦਮਿਤ ਭਾਵਨਾਵਾਂ ਨੂੰ ਕਦੀ ਜਾਗਣ ਨਹੀਂ ਦਿੱਤਾ। ਪੁੱਤਰ ਲਈ ਵਿਆਹ ਨਾ ਕਰਵਾਇਆ ਪਰ ਅੱਜ ਉਹ ਅਪਣੀ ਪਤਨੀ ਦੀਆ ਗੱਲਾਂ ਸੁਣ ਕੇ ਮਾਂ ਦੇ ਪਰੋਵੀਡੈਂਟ ਫੰਡ ਦੇ ਪੈਸੇ ਕਢਾ ਕੇ ਉਸਨੂੰ ਦਰਬਦਰ ਕਰਕੇ ਤਰਸਯੋਗ ਸਥਿਤੀ ਵਿਚ ਪਹੁੰਚਾ ਛੱਡਦਾ ਹੈ ਅਤੇ ਮਾਸੀ ਰਜੀ ਨੂੰ (ਜਿਨ੍ਹਾ ਹਥਾਂ ਨੇ ਉਸਨੂੰ ਪਾਲਿਆ) ਘਰੋ ਕਢ ਦਿੰਦਾ ਹੈ। ਪਰ ਬਾਅਦ ਵਿਚ ਉਸਦੀ ਪੋਤਰੀ ਅਰਸ਼ੀ ਅਪਣੀ ਦਾਦੀ ਨੂੰ ਮਿਲਣ ਲਈ ਅਪਣੇ ਮਾਮੇ ਕਮਲ ਦੇ ਘਰ ਆਉਂਦੀ ਹੈ ਅਤੇ ਅਪਣੇ ਪਿਉ ਨੂੰ ਇਸ ਪਾਪ ਦਾ ਪਸ਼ਚਾਤਾਪ ਕਰਵਾਉਂਦੀ ਹੈ। ਪੋਤਰੀ ਨੂੰ ਦੇਖ ਕੇ ਪਾਰੋ ਅਪਣੇ ਆਖਰੀ ਸਮੇਂ ਵਿਚ ਬਹੁਤ ਖੁਸ਼ ਹੁੰਦੀ ਹੈ ਅਤੇ ਉਸਨੂੰ ਅਪਣੇ ਨਾਲ ਲੈ ਕੇ ਹਮਲ ਨਦੀ ਦੇ ਕੰਡੇ ਜਾਂਦੀ ਹੈ ਅਤੇ ਅਪਣੀ ਸੰਵੇਦਨਾ ਨੂੰ ਬਿਆਨਦੀ ਹੈ :

"ਮੇਰੀ ਬੱਚੀ ਨਦੀ ਨਾਰੀ ਦੀ ਤਰ੍ਹਾਂ ਹੁੰਦੀ ਹੈ। ਸਭ ਨੂੰ ਸੁਖ ਦਿੰਦੀ ਹੈ, ਜੀਵਨ ਦਿੰਦੀ ਹੈ, ਕਿੰਨਾ ਅੰਨ, ਫੁੱਲ, ਫਲ ਇਸ ਦੇ ਪਾਣੀ ਨਾਲ ਵਧਦੇ ਫੁਲਦੇ ਹਨ। ਮਨੁੱਖ ਦੇ ਜੀਵਨ ਦੀ ਜੀਵਨ ਰੇਖਾ ਹੈ ਨਦੀ। ਤੀਵੀਂ ਵੀ ਅਪਣਾ ਸਭ ਕੁਝ ਮਨੁੱਖ ਨੂੰ ਸਮਰਪਿਤ ਕਰ ਦਿੰਦੀ ਹੈ। ਉਸ ਦੇ ਬੱਚਿਆਂ ਨੂੰ ਜਨਮ ਦਿੰਦੀ ਹੈ, ਉਸ ਦੇ ਵਾਰਸ ਪੈਦਾ ਕਰਦੀ ਹੈ। ਮਨੁੱਖ ਦੀ ਹੋਂਦ ਨੂੰ ਵਜੂਦ ਵਿਚ ਲਿਆਉਂਦੀ ਹੈ। ਜਦੋਂ ਇਸ ਦੀ ਆਬਰੂ ਨਾਲ ਅਸਮਤ ਨਾਲ ਖਿਲਵਾੜ ਹੁੰਦਾ ਹੈ, ਫਿਰ ਉਗਰ ਰੂਪ ਧਾਰਣ ਕਰਦੀ ਹੈ, ਚੰਡੀ ਬਣ ਜਾਂਦੀ ਹੈ। ਜਦੋਂ ਨਦੀ ਵੀ ਉਗਰ ਹੋ ਜਾਂਦੀ ਹੈ ਤਾਂ ਸਾਰੀ ਬਨਸਪਤੀ, ਜੀਵ, ਜੰਤੂ ਅਤੇ ਕਿਨਾਰੇ ਵਸਦੀਆਂ ਬਸਤੀਆਂ ਦਾ ਵੀ ਮਲੀਆਮੇਟ ਕਰ ਦਿੰਦੀ ਹੈ।"[3]

ਅਰਸ਼ੀ ਨੂੰ ਦਾਦੀ ਦੀ ਇਹ ਸਿਆਣਪ ਭਰੀਆਂ ਗੱਲਾਂ, ਇਸ ਅਪਣਤ ਦਾ ਬੜੇ ਚਿਰਾਂ ਤੋਂ ਇੰਤਜ਼ਾਰ ਸੀ। ਪਾਰੋ ਅਰਸ਼ੀ ਨੂੰ ਅੱਧੇ ਘਰ ਦੀ ਮਾਲਕਨ ਬਣਾ ਕੇ ਇਸ ਸੰਸਾਰ ਨੂੰ ਵਿਛੋੜਾ ਦੇ ਕੇ ਤੁਰ ਜਾਂਦੀ ਹੈ।

ਸੱਮੁਚੇ ਰੂਪ ਵਿਚ ਕਿਹਾ ਜਾ ਸਕਦਾ ਇਹ ਨਾਵਲ ਉਸ ਔਰਤ ਨੂੰ ਮੁਖਾਤਬ ਹੈ ਜੋ ਸਾਰਾ ਜੀਵਨ ਅਪਣੇ ਪਰਿਵਾਰ ਅਤੇ ਦੁਜਿਆਂ ਦੀ ਮਦਦ ਕਰਨ ਵਿਚ ਹੀ ਅਰਪਿਤ ਕਰ ਦਿੰਦੀ ਹੈ।ਪਾਰੋ ਦਾ ਸਬਰ ਅਤੇ ਸੰਤੋਖ ਉਸਦੀ ਅਹਿਮੀਅਤ ਨੂੰ ਹੋਰ ਪਕੇਰਾ ਕਰਦਾ ਹੈ। ਇਸ ਦੇ ਨਾਲ ਹੀ ਇਸ ਨਾਵਲ ਵਿਚ ਨਾਰੀ ਦੀ ਤੁਲਨਾ ਉਸ ਨਦੀ ਵਾਂਗ ਕੀਤੀ ਗਈ ਹੈ, ਜੋ ਸਭ ਨੂੰ ਸੁਖ, ਜੀਵਨ, ਪਿਆਰ ਦਿੰਦੀ ਹੈ, ਜਿਵੇਂ ਨਦੀ ਅਪਣੀ ਮੰਜ਼ਿਲ ਤੱਕ ਪਹੁੰਚਣ ਲਈ ਪੱਥਰ, ਚਟਾਨਾਂ ਕੰਡਿਆ ਅਤੇ ਹੋਰ ਮੁਸ਼ਕਲਾਂ ਨੂੰ ਪਾਰ ਕਰਦੀ ਹੋਈ ਵਗਦੀ ਜਾਂਦੀ ਹੈ। ਉਸੇ ਤਰ੍ਹਾਂ ਨਾਰੀ ਵੀ ਪਰਿਵਾਰ ਨੂੰ ਪਾਲਦੇ ਪੋਸਦੇ ਕਈਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਨਦੀ ਸਮਾਨ ਸ਼ਾਤਮਈ ਸੰਸਾਰਕ ਯਾਤਰਾ ਨੂੰ ਪੂਰੀ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਨਦੀ ਤੇ ਨਾਰੀ, ਭੁਪਿੰਦਰ ਸਿੰਘ ਰੈਣਾ, ਰਵੀ ਸਾਹਿਤ ਪ੍ਰਕਾਸ਼ਨ, ਅਮ੍ਰਿਤਸਰ, 2022, ਪੰਨਾ-41.
2. ਉਹੀ ਪੰਨਾ, 57.
3. ਉਹੀ, ਪੰਨਾ, 102.